## ਆਪਣੀਆਂ ਦਵਾਈਆਂ ਬਾਰੇ ਪਤਾ ਲਗਾਉਣਾ

ਅਸੀਂ ਚਾਹੁੰਦੇ ਹਾਂ ਕਿ ਤੁਸੀਂ ਆਪਣੀਆਂ ਦਵਾਈਆਂ ਬਾਰੇ ਫੈਸਲਿਆਂ ਵਿੱਚ ਸ਼ਾਮਲ ਹੋਵੋ। ਜੇ ਅਸੀਂ ਤੁਹਾਡੇ ਲਈ ਨਵੀਂ ਦਵਾਈ ਦੀ ਸਿਫਾਰਸ਼ ਕਰ ਰਹੇ ਹਾਂ ਤਾਂ ਅਸੀਂ ਇਸ ਬਾਰੇ ਸਪਸ਼ਟ ਹੋਵਾਂਗੇ ਕਿ ਅਸੀਂ ਇਸ ਦੀ ਸਿਫਾਰਸ਼ ਕਿਉਂ ਕਰ ਰਹੇ ਹਾਂ, ਇਸ ਬਾਰੇ ਵਰਨਣ ਕਰਾਂਗੇ ਕਿ ਇਹ ਤੁਹਾਡੀ ਕਿਵੇਂ ਮਦਦ ਕਰੇਗੀ ਅਤੇ ਤੁਹਾਨੂੰ ਹੋਣ ਵਾਲੇ ਕਿਸੇ ਵੀ ਤਰ੍ਹਾਂ ਦੇ ਆਮ ਮਾੜੇ ਪ੍ਰਭਾਵਾਂ ਬਾਰੇ ਤੁਹਾਡੇ ਨਾਲ ਵਿਚਾਰ-ਵਟਾਂਦਰਾ ਕਰਾਂਗੇ। ਅਸੀਂ ਤੁਹਾਨੂੰ ਦਵਾਈਆਂ ਦੀ ਸੂਚਨਾ ਵਾਲਾ ਕਿਤਾਬਚਾ ਵੀ ਮੁਹੱਈਆ ਕਰਾਂਗੇ। ਜੇ ਤੁਹਾਨੂੰ ਕਿਤਾਬਚਾ ਨਹੀਂ ਦਿੱਤਾ ਗਿਆ ਹੈ ਤਾਂ ਕਿਰਪਾ ਕਰਕੇ ਆਪਣੀ ਦਵਾਈ ਬਾਰੇ ਕਿਤਾਬਚਾ ਮੰਗੋ।

ਅਗਲੇਰੀ ਜਾਣਕਾਰੀ ਉਪਲਬਧ ਹੈ:

- ਔਨਲਾਈਨ www.choiceandmedication.org/sabp
- 01483 443697 'ਤੇ ਟਰੱਸਟ ਦੀ ਦਵਾਈਆਂ ਸਬੰਧੀ ਹੈਲਪਲਾਈਨ ਨੂੰ ਕਾਲ ਕਰਕੇ (ਸੋਮਵਾਰ - ਸ਼ੁੱਕਰਵਾਰ, ਸਵੇਰੇ 9 ਤੋਂ ਸ਼ਾਮ 5 ਵਜੇ)।

ਭਾਈਚਾਰਕ ਫਾਰਮੇਸੀਆਂ ਵੀ ਤੁਹਾਡੀਆਂ ਦਵਾਈਆਂ ਵਿੱਚ ਤੁਹਾਡੀ ਸਹਾਇਤਾ ਕਰਨ ਲਈ ਵਿਆਪਕ ਕਿਸਮ ਦੀਆਂ ਸੇਵਾਵਾਂ ਪੇਸ਼ ਕਰ ਸਕਦੀਆਂ ਹਨ। ਜੇ ਤੁਸੀਂ ਆਪਣੀਆਂ ਦਵਾਈਆਂ ਵਿੱਚ ਮਦਦ ਲੈਣੀ ਚਾਹੁੰਦੇ ਹੋ ਜਾਂ ਆਪਣੀਆਂ ਦਵਾਈਆਂ ਬਾਰੇ ਪ੍ਰਸ਼ਨ ਪੁੱਛਣਾ ਚਾਹੁੰਦੇ ਹੋ ਤਾਂ ਆਪਣੇ ਸਥਾਨਕ ਭਾਈਚਾਰਕ ਫਾਰਮਾਸਿਸਟ ਨਾਲ ਜ਼ਰੂਰ ਗੱਲ ਕਰੋ।



## ਕਚਰੇ (ਬੇਕਾਰ ਚੀਜ਼ਾਂ) ਨੂੰ ਘਟਾਉਣਾ

ਦਵਾਈਆਂ ਬਹੁਤ ਮਹਿੰਗੀਆਂ ਹੋ ਸਕਦੀਆਂ ਹਨ ਅਤੇ ਅਸੀਂ ਕਚਰੇ ਨੂੰ ਘਟਾਉਣ ਲਈ ਉਹ ਸਭ ਕੁਝ ਕਰ ਰਹੇ ਹਾਂ ਜੋ ਅਸੀਂ ਕਰ ਸਕਦੇ ਹਾਂ। ਤੁਸੀਂ ਇਹ ਗੱਲ ਯਕੀਨੀ ਬਣਾ ਕੇ ਸਾਡੀ ਮਦਦ ਕਰ ਸਕਦੇ ਹੋ ਕਿ ਤੁਸੀਂ ਆਪਣੇ ਲਈ ਲਿਖੀਆਂ ਦਵਾਈਆਂ ਦੀ ਵਰਤੋਂ ਕਰਦੇ ਹੋ ਅਤੇ ਜੇ ਤੁਹਾਨੂੰ ਪ੍ਰਿਸਕ੍ਰਿਪਸ਼ਨ ਨੂੰ ਦੁਹਰਾਉਣ ਦੀ ਲੋੜ ਨਹੀਂ ਹੁੰਦੀ ਤਾਂ ਤੁਸੀਂ ਆਪਣੇ ਡਾਕਟਰ ਨੂੰ ਦੱਸਦੇ ਹੋ।

ਜੇ ਤੁਸੀਂ ਇਹ ਜਾਣਕਾਰੀ ਕਿਸੇ ਹੋਰ ਰੂਪ ਵਿੱਚ ਲੈਣੀ ਚਾਹੋ ਜਿਵੇਂ ਕਿ ਵੱਡੇ ਅੱਖਰ, ਬ੍ਰੇਲ, ਆਸਾਨੀ ਨਾਲ ਪੜ੍ਹਿਆ ਜਾ ਸਕਣ ਵਾਲਾ ਜਾਂ ਕੋਈ ਹੋਰ ਭਾਸ਼ਾ ਤਾਂ ਕਿਰਪਾ ਕਰਕੇ ਸਾਡੇ ਨਾਲ ਸੰਪਰਕ ਕਰੋ:

ਟੈਲੀਫ਼ੋਨ: 01372 216285 ਈਮੇਲ: communications@sabp.nhs.uk

Surrey and Borders Partnership NHS Foundation Trust
18 Mole Business Park, Leatherhead, Surrey KT22 7AD

ਟੈਲੀਫ਼ੋਨ: 0300 55 55 222 ਟੈਕਸਟਫੋਨ: 020 8964 6326
www.sabp.nhs.uk @sabpnhs
www.facebook.com/sabpnhs

ਪ੍ਰਕਾਸ਼ਨ ਰੈਫਰੈਂਸ: A67697/Medicines/V3
ਪ੍ਰਕਾਸ਼ਨ ਦੀ ਮਿਤੀ: ਮਈ 2016

Surrey and Borders Partnership
NHS Foundation Trust



# ਦਵਾਈਆਂ

## ਸੇਵਾਵਾਂ ਵਰਤਣ ਵਾਲੇ ਵਿਅਕਤੀਆਂ ਅਤੇ ਦੇਖਭਾਲਕਰਤਾਵਾਂ ਲਈ ਜਾਣਕਾਰੀ

ਬਿਹਤਰ ਜ਼ਿੰਦਗੀ ਲਈ



## ਅਸੀਂ ਦਵਾਈਆਂ ਦਾ ਨੁਸਖਾ ਕਿਉਂ ਦਿੰਦੇ ਹਾਂ?

ਅਸੀਂ ਦਵਾਈਆਂ ਦਾ ਨੁਸਖਾ ਇਸ ਲਈ ਦਿੰਦੇ ਹਾਂ ਕਿਉਂਕਿ ਕਲਿਨਿਕਲ ਪਰਖਾਂ ਤੋਂ ਮਿਲਿਆ ਸਬੂਤ ਇਹ ਦਿਖਾਉਂਦਾ ਹੈ ਕਿ ਉਹਨਾਂ ਦੀ ਇਲਾਜ ਲਈ ਅਹਿਮ ਭੂਮਿਕਾ ਹੁੰਦੀ ਹੈ।

ਕੁਝ ਦਵਾਈਆਂ ਮਾਨਸਿਕ ਸਿਹਤ ਸਮੱਸਿਆਵਾਂ ਨਾਲ ਸਬੰਧਤ ਲੱਛਣਾਂ ਦਾ ਇਲਾਜ ਕਰਨ ਵਿੱਚ ਮਦਦਗਾਰ ਹੁੰਦੀਆਂ ਹਨ ਅਤੇ ਦੂਜੀਆਂ ਦਵਾਈਆਂ ਬਿਮਾਰੀ ਦੇ ਮੁੜ ਤੋਂ ਹੋਣ ਨੂੰ ਰੋਕਣ ਲਈ ਖਾਸ ਤੌਰ ‘ਤੇ ਸਹਾਈ ਹੁੰਦੀਆਂ ਹਨ; ਮਤਲਬ ਕਿ ਜਦੋਂ ਉਹਨਾਂ ਨੂੰ ਨਿਯਮਿਤ ਤੌਰ ‘ਤੇ ਲਿਆ ਜਾਂਦਾ ਹੈ, ਤਾਂ ਉਹ ਤੁਹਾਡੇ ਦੁਬਾਰਾ ਬਿਮਾਰ ਹੋਣ ਦੀ ਸੰਭਾਵਨਾ ਨੂੰ ਘਟਾਉਣ ਵਿੱਚ ਮਦਦ ਕਰ ਸਕਦੀਆਂ ਹਨ।

ਅਸੀਂ ਇਹ ਯਕੀਨੀ ਬਣਾਉਣ ਲਈ ਰਾਸ਼ਟਰੀ ਦਿਸ਼ਾ-ਨਿਰਦੇਸ਼ਾਂ ਦੀ ਵੀ ਪਾਲਣਾ ਕਰਦੇ ਹਾਂ ਕਿ ਅਸੀਂ ਸਭ ਤੋਂ ਢੁਕਵੇਂ ਇਲਾਜ ਦੀ ਪੇਸ਼ਕਸ਼ ਕਰੀਏ ਅਤੇ ਸਭ ਤੋਂ ਨਵੀਂ ਬਿਹਤਰੀਨ ਪ੍ਰੈਕਟਿਸ ਮੁਹੱਈਆ ਕਰੀਏ।

## ਤੁਹਾਡੇ ਲਈ ਸਹੀ ਦਵਾਈ ਚੁਣਨੀ

ਅਸੀਂ ਦਵਾਈਆਂ ਬਾਰੇ ਫੈਸਲਿਆਂ ਵਿੱਚ ਤੁਹਾਨੂੰ ਓਨਾ ਸ਼ਾਮਲ ਕਰਦੇ ਹਾਂ ਜਿੰਨਾ ਤੁਸੀਂ ਚਾਹੁੰਦੇ ਹੋ। ਇਸ ਵਿੱਚ ਸਾਡੀ ਮਦਦ ਕਰਨ ਲਈ, ਇਹ ਜਾਣਨਾ ਸਹਾਈ ਹੁੰਦਾ ਹੈ ਕਿ ਅਤੀਤ ਵਿੱਚ ਕਿਹੜੀਆਂ ਦਵਾਈਆਂ ਨੇ ਚੰਗੀ ਤਰ੍ਹਾਂ ਅਸਰ ਕੀਤਾ ਹੈ, ਅਤੇ ਕਿਹੜੀਆਂ ਦਵਾਈਆਂ ਵੱਡੀਆਂ ਸਮੱਸਿਆਵਾਂ ਜਾਂ ਮਾੜੇ ਪ੍ਰਭਾਵਾਂ ਦਾ ਕਾਰਨ ਬਣੀਆਂ ਹਨ।

ਸਾਨੂੰ ਇਹ ਜਾਣਨ ਦੀ ਵੀ ਲੋੜ ਹੁੰਦੀ ਹੈ ਕਿ ਇਸ ਸਮੇਂ ਤੁਸੀਂ ਕਿਹੜੀਆਂ ਦਵਾਈਆਂ ਲੈ ਰਹੇ ਹੋ, ਜਿਸ ਵਿੱਚ ਅਜਿਹੀਆਂ ਕੋਈ ਵੀ ਦਵਾਈਆਂ ਅਤੇ ਹਰਬਲ ਉਪਚਾਰ ਸ਼ਾਮਲ ਹੁੰਦੇ ਹਨ ਜਿਨ੍ਹਾਂ ਨੂੰ ਤੁਸੀਂ ਕਿਸੇ ਕੈਮਿਸਟ ਤੋਂ ਜਾਂ ਸੁਪਰਮਾਰਕਿਟ ਤੋਂ ਖਰੀਦਿਆ ਹੋ ਸਕਦਾ ਹੈ। ਕਿਰਪਾ ਕਰਕੇ ਆਪਣੀਆਂ ਸਾਰੀਆਂ ਅਪਾਇੰਟਮੈਂਟਾਂ ਵਿੱਚ ਉਹਨਾਂ ਸਾਰੀਆਂ ਦਵਾਈਆਂ ਦੀ ਇੱਕ ਸੂਚੀ ਲਿਆਓ ਜੋ ਤੁਸੀਂ ਲੈ ਰਹੇ ਹੋ। ਇਹ ਮਹੱਤਵਪੂਰਨ ਹੁੰਦਾ ਹੈ ਕਿਉਂਕਿ ਇਸ ਨਾਲ ਸਾਨੂੰ ਇਹ ਪਤਾ ਲਗਾਉਣ ਵਿੱਚ ਮਦਦ ਮਿਲਦੀ ਹੈ ਕਿ ਕੋਈ ਵੀ ਨਵੀਂ ਦਵਾਈ ਜੋ ਸਾਨੂੰ ਨੁਸਖੇ ਵਿੱਚ ਲਿਖਣ ਦੀ ਲੋੜ ਹੁੰਦੀ ਹੈ, ਤੁਹਾਡੇ ਦੁਆਰਾ ਵਰਤਮਾਨ ਵਿੱਚ ਲਈਆਂ ਜਾ ਰਹੀਆਂ ਦਵਾਈਆਂ ਨਾਲ ਅੰਤਰ-ਕਿਰਿਆ ਨਾ ਕਰੇ।

## ਦਵਾਈਆਂ ‘ਤੇ ਕਾਇਮ ਰਹਿਣਾ

ਕਈ ਵਾਰੀ ਨਿਯਮਿਤ ਰੂਪ ਵਿੱਚ ਆਪਣੀਆਂ ਦਵਾਈਆਂ ਲੈਣ ਦੀ ਗੱਲ ਯਾਦ ਰੱਖਣੀ ਮੁਸ਼ਕਿਲ ਹੋ ਸਕਦੀ ਹੈ, ਖਾਸ ਤੌਰ ‘ਤੇ ਉਸ ਸਮੇਂ ਜਦੋਂ ਤੁਸੀਂ ਬਿਹਤਰ ਮਹਿਸੂਸ ਕਰ ਰਹੇ ਹੁੰਦੇ ਹੋ। ਮਸ਼ਵਰਾ ਦੇਣ ਵਾਲੇ ਵਿਅਕਤੀ ਨਾਲ ਇਸ ਬਾਰੇ ਇਮਾਨਦਾਰ ਰਹਿਣਾ ਸਭ ਤੋਂ ਢੁਕਵਾਂ ਹੁੰਦਾ ਹੈ ਕਿ ਤੁਸੀਂ ਆਪਣੀ ਦਵਾਈ ਨਾਲ ਕਿੰਨਾ ਕਾਮਯਾਬ ਹੋ ਰਹੇ ਹੋ ਅਤੇ ਕੀ ਤੁਸੀਂ ਇਸ ਨੂੰ ਨਿਯਮਿਤ ਰੂਪ ਵਿੱਚ ਲੈ ਰਹੇ ਹੋ। ਜੇ ਤੁਹਾਡੀ ਦਵਾਈ ਦਾ ਨੁਸਖਾ ਲਿਖਣ ਵਾਲੇ ਵਿਅਕਤੀ/ਟੀਮ ਨੂੰ ਇਹ ਪਤਾ ਹੁੰਦਾ ਹੈ ਕਿ ਤੁਹਾਨੂੰ ਸਮੱਸਿਆਵਾਂ ਹੋ ਰਹੀਆਂ ਹਨ, ਤਾਂ ਉਹ ਉਹਨਾਂ ਤਰੀਕਿਆਂ ਨੂੰ ਲੱਭਣ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ ਜਿਸ ਨਾਲ ਇਹ ਯਾਦ ਰੱਖਣਾ ਅਸਾਨ ਹੁੰਦਾ ਹੈ ਕਿ ਕੀ ਲੈਣਾ ਹੈ ਅਤੇ ਇਸ ਨੂੰ ਕਦੋਂ ਲੈਣਾ ਹੈ। ਤੁਹਾਡੇ ਕੋਲ ਦੇਖਭਾਲਕਰਤਾ ਹੋ ਸਕਦਾ ਹੈ ਜੋ ਤੁਹਾਡੀ ਦਵਾਈ ਵਿੱਚ ਤੁਹਾਡੀ ਮਦਦ ਕਰਦਾ ਹੈ। ਜੇ ਅਜਿਹੀ ਗੱਲ ਹੈ ਤਾਂ ਸਾਨੂੰ ਦੱਸੋ ਤਾਂ ਜੋ ਅਸੀਂ ਤੁਹਾਡੀਆਂ ਦਵਾਈਆਂ ਦਾ ਪ੍ਰਬੰਧਨ ਕਰਨ ਵਿੱਚ ਸਹਾਇਤਾ ਕਰ ਸਕੀਏ।

## ਮਾੜੇ-ਪ੍ਰਭਾਵਾਂ ਬਾਰੇ ਕੀ ਹੈ?

ਸਾਰੀਆਂ ਦਵਾਈਆਂ ਦੇ ਮਾੜੇ ਪ੍ਰਭਾਵ ਹੁੰਦੇ ਹਨ - ਕੁਝ ਹੋਰਨਾਂ ਨਾਲੋਂ ਜ਼ਿਆਦਾ ਸਮੱਸਿਆ ਵਾਲੇ ਹੁੰਦੇ ਹਨ, ਅਤੇ ਕੁਝ ਹੋਰਨਾਂ ਦੇ ਮੁਕਾਬਲੇ ਜ਼ਿਆਦਾ ਆਮ ਹੁੰਦੇ ਹਨ। ਅਸੀਂ ਤੁਹਾਨੂੰ ਉਸ ਦਵਾਈ, ਜੋ ਅਸੀਂ ਤੁਹਾਡੇ ਲਈ ਨੁਸਖੇ ਵਿੱਚ ਲਿਖਦੇ ਹਾਂ, ਦੇ ਆਮ ਮਾੜੇ ਪ੍ਰਭਾਵਾਂ ਬਾਰੇ ਦੱਸਾਂਗੇ।

ਜੇ ਤੁਹਾਨੂੰ ਆਪਣੀ ਦਵਾਈ ਦੇ ਮਾੜੇ ਪ੍ਰਭਾਵ ਹੁੰਦੇ ਹਨ ਤਾਂ ਕਿਰਪਾ ਕਰਕੇ ਸਾਨੂੰ ਦੱਸੋ। ਅਸੀਂ ਫੇਰ ਉਸ ਮਾੜੇ ਪ੍ਰਭਾਵ ਨਾਲ ਨਜਿੱਠਣ ਵਿੱਚ ਮਦਦ ਕਰ ਸਕਦੇ ਹਾਂ, ਜਾਂ ਤੁਹਾਡੀ ਦਵਾਈ ਬਦਲ ਸਕਦੇ ਹਾਂ।

## ਹਸਪਤਾਲ ਵਿੱਚ ਆਉਣਾ

ਜੇ ਤੁਹਾਨੂੰ ਹਸਪਤਾਲ ਆਉਣ ਦੀ ਲੋੜ ਹੁੰਦੀ ਹੈ, ਤਾਂ ਕਿਰਪਾ ਕਰਕੇ ਆਪਣੇ ਨਾਲ ਉਹ ਸਾਰੀਆਂ ਦਵਾਈਆਂ ਲਿਆਓ ਜੋ ਤੁਸੀਂ ਇਸ ਸਮੇਂ ਲੈ ਰਹੇ ਹੋ, (ਜਿਸ ਵਿੱਚ ਕੋਈ ਵੀ ਅਜਿਹੀਆਂ ਦਵਾਈਆਂ ਅਤੇ ਹਰਬਲ ਉਪਚਾਰ ਸ਼ਾਮਲ ਹਨ ਜੋ ਤੁਸੀਂ ਕੈਮਿਸਟ ਜਾਂ ਸੁਪਰਮਾਰਕਿਟ ਤੋਂ ਖਰੀਦੇ ਹੋ ਸਕਦੇ ਹਨ)। ਜੇ ਤੁਹਾਨੂੰ ਇਸ ਬਾਰੇ ਪੱਕਾ ਪਤਾ ਨਹੀਂ ਹੈ ਜਾਂ ਯਾਦ ਨਹੀਂ ਆਉਂਦਾ ਕਿ ਤੁਸੀਂ ਕੀ ਲੈਂਦੇ ਰਹੇ ਹੋ, ਤਾਂ ਅਸੀਂ ਤੁਹਾਡੇ ਪਰਿਵਾਰ/ਦੇਖਭਾਲਕਰਤਾਵਾਂ ਤੋਂ ਪੁੱਛਾਂਗੇ ਕਿ ਕੀ ਉਹਨਾਂ ਨੂੰ ਇਸ ਬਾਰੇ ਪਤਾ ਹੈ। ਅਸੀਂ ਇਹ ਪਤਾ ਲਗਾਉਣ ਲਈ ਤੁਹਾਡੇ GP ਨਾਲ ਵੀ ਸੰਪਰਕ ਕਰਾਂਗੇ ਕਿ ਇਸ ਸਮੇਂ ਤੁਸੀਂ ਕਿਹੜੀਆਂ ਨੁਸਖੇ ਵਾਲੀਆਂ ਦਵਾਈਆਂ ਲੈ ਰਹੇ ਹੋ। ਇਸ ਤਰ੍ਹਾਂ, ਸਾਡੇ ਡਾਕਟਰ ਅਤੇ ਫਾਰਮੇਸੀ ਟੀਮ ਸਹੀ ਤਰ੍ਹਾਂ ਨਾਲ ਦੇਖ ਸਕਦੇ ਹਨ ਕਿ ਤੁਸੀਂ ਕੀ ਲੈ ਰਹੇ ਹੋ ਅਤੇ ਇਹ ਯਕੀਨੀ ਬਣਾ ਸਕਦੇ ਹਨ ਕਿ ਤੁਸੀਂ ਆਪਣੇ ਠਹਿਰਾਓ ਦੌਰਾਨ ਸਾਰੀਆਂ ਸਹੀ ਦਵਾਈਆਂ ਲਵੋ।

ਦਵਾਈਆਂ ਬਾਰੇ ਮੁਲਾਂਕਣ ਕੀਤਾ ਜਾਵੇਗਾ ਅਤੇ, ਜਿੱਥੇ ਢੁਕਵਾਂ ਹੋਵੇ, ਦਾਖਲ ਮਰੀਜ਼ ਵਜੋਂ ਤੁਹਾਡੇ ਠਹਿਰਾਓ ਦੌਰਾਨ ਇਹ ਦਿੱਤੀਆਂ ਜਾਣਗੀਆਂ।

ਆਪਣੇ ਠਹਿਰਾਓ ਦੌਰਾਨ ਆਪਣੀਆਂ ਦਵਾਈਆਂ ਬਾਰੇ ਜੇ ਤੁਹਾਡੇ ਕੋਈ ਪ੍ਰਸ਼ਨ ਹੋਣ ਤਾਂ ਬੇਝਿਜਕ ਹੋ ਕੇ ਸਾਡੇ ਤੋਂ ਪੁੱਛੋ। ਜੇ ਤੁਸੀਂ ਫਾਰਮੇਸੀ ਟੀਮ ਦੇ ਕਿਸੇ ਮੈਂਬਰ ਨਾਲ ਗੱਲ ਕਰਨੀ ਚਾਹੁੰਦੇ ਹੋ ਤਾਂ ਵਾਰਡ ਸਟਾਫ ਦੇ ਮੈਂਬਰ ਨੂੰ ਜ਼ਰੂਰ ਦੱਸੋ ਅਤੇ ਉਹ ਤੁਹਾਡੇ ਲਈ ਇਸ ਦਾ ਇੰਤਜ਼ਾਮ ਕਰਨਗੇ।

ਜਦੋਂ ਤੁਹਾਨੂੰ ਹਸਪਤਾਲ ਤੋਂ ਛੁੱਟੀ ਦਿੱਤੀ ਜਾਂਦੀ ਹੈ, ਤਾਂ ਤੁਹਾਨੂੰ ਤੁਹਾਡੇ ਡਾਕਟਰ ਦੇ ਨੁਸਖੇ ਅਨੁਸਾਰ ਦਵਾਈਆਂ ਦੀ ਲੋੜੀਂਦੀ ਸਪਲਾਈ ਦਿੱਤੀ ਜਾਵੇਗੀ। ਆਪਣੀ ਡਿਸਚਾਰਜ ਪ੍ਰਿਸਕ੍ਰਿਪਸ਼ਨ (ਨੁਸਖੇ) ਦੀ ਕਾਪੀ ਆਪਣੇ ਸਥਾਨਕ ਭਾਈਚਾਰਕ ਫਾਰਮਾਸਿਸਟ ਅਤੇ ਆਪਣੇ GP ਨੂੰ ਦਿਖਾਉਣੀ ਨਾ ਭੁੱਲਣਾ, ਕਿਉਂਕਿ ਇਸ ਨਾਲ ਇਸ ਗੱਲ ਨੂੰ ਯਕੀਨੀ ਬਣਾਉਣ ਵਿੱਚ ਮਦਦ ਮਿਲੇਗੀ ਕਿ ਤੁਸੀਂ ਆਪਣੇ ਲਈ ਸਹੀ ਦਵਾਈਆਂ ਲੈਣੀਆਂ ਜਾਰੀ ਰੱਖਦੇ ਹੋ।

## ਆਪਣੀਆਂ ਦਵਾਈਆਂ ਤੋਂ ਭਰਪੂਰ ਲਾਭ ਲੈਣਾ

- ਹਮੇਸ਼ਾਂ ਲੇਬਲ ‘ਤੇ ਦਿੱਤੇ ਨਿਰਦੇਸ਼ਾਂ ਦੀ ਪਾਲਣਾ ਕਰੋ
- ਹਮੇਸ਼ਾ ਇਹ ਪਤਾ ਲਗਾਓ ਕਿ ਦਵਾਈਆਂ ਉਹਨਾਂ ਦੀ ਸਮਾਪਤੀ ਮਿਆਦ ਦੇ ਅੰਦਰ ਹੋਣ
- ਆਪਣੀਆਂ ਦਵਾਈਆਂ ਨੂੰ ਬੱਚਿਆਂ ਦੀ ਨਜ਼ਰ ਅਤੇ ਪਹੁੰਚ ਤੋਂ ਦੂਰ ਸੁਰੱਖਿਅਤ ਢੰਗ ਨਾਲ ਸਟੋਰ ਕਰੋ, ਆਮ ਤੌਰ ‘ਤੇ ਠੰਡੀ ਅਤੇ ਖੁਸ਼ਕ ਜਗ੍ਹਾ ‘ਤੇ। ਕੁਝ ਦਵਾਈਆਂ ਨੂੰ ਫਰਿੱਜ ਵਿੱਚ ਸਟੋਰ ਕਰਨ ਦੀ ਲੋੜ ਪੈ ਸਕਦੀ ਹੈ ਅਤੇ ਜੇ ਅਜਿਹਾ ਹੁੰਦਾ ਹੈ ਤਾਂ ਇਸ ਨੂੰ ਲੇਬਲ ਉੱਤੇ ਸਪਸ਼ਟ ਤੌਰ ‘ਤੇ ਦੱਸਿਆ ਜਾਵੇਗਾ।
- ਕਦੇ ਵੀ ਆਪਣੀਆਂ ਦਵਾਈਆਂ ਕਿਸੇ ਹੋਰ ਨਾਲ ਸਾਂਝੀਆਂ ਨਾ ਕਰੋ।